WANotify.org/Punjabi

# WA NOTIFY ਕਿਵੇਂ ਕੰਮ ਕਰਦਾ ਹੈ

**ਵਾਸ਼ਿੰਗਟਨ ਐਕਸਪੋਜ਼ਰ ਨੋਟੀਫਿਕੇਸ਼ਨਜ਼ (WA Notify) ਕੋਵਿਡ -19 ਦੇ ਫੈਲਣ ਨੂੰ ਰੋਕਣ ਵਿਚ ਮਦਦ ਕਰਨ ਲਈ ਇਕ ਮਹੱਤਵਪੂਰਣ ਨਵਾਂ ਟੂਲ ਹੈ। ਜਿਵੇਂ ਇਕ ਮਾਸਕ ਪਹਿਨਣਾ, ਦੂਰੀ ਬਣਾਉਣਾ ਅਤੇ ਇਕੱਠ ਨੂੰ ਛੋਟਾ ਰੱਖਣਾ, WA ਨੋਟਿਫਾਈ ਸਾਡੇ ਭਾਈਚਾਰੇ ਨੂੰ ਸੁਰੱਖਿਅਤ ਕਰਨ ਲਈ ਇਕ ਸਰਲ ਟੂਲ ਹੈ।**

WA Notify, ਯੂਜ਼ਰਾਂ ਨੂੰ ਚੇਤਾਵਨੀ ਦੇਣ ਲਈ, ਕਿਸੇ ਨਿੱਜੀ ਜਾਣਕਾਰੀ ਨੂੰ ਸਾਂਝਾ ਕੀਤੇ ਬਿਨਾਂ, ਸਮਾਰਟਫੋਨਾਂ ਰਾਹੀਂ ਸੂਚਿਤ ਕਰਦਾ ਹੈ ਜੇ ਉਨ੍ਹਾਂ ਨੂੰ ਕੋਵਿਡ -19 ਦੀ ਜੋਖਮ ਹੋ ਸਕਦਾ ਹੈ। **ਇਹ ਪੂਰੀ ਤਰ੍ਹਾਂ ਨਿੱਜੀ ਹੈ, ਅਤੇ ਇਹ ਨਾਂ ਹੀ ਤੁਹਾਨੂੰ ਜਾਣਦਾ ਹੈ ਜਾਂ ਨਾਂ ਹੀ ਟ੍ਰੈਕ ਕਰਦਾ ਹੈ ਕਿ ਤੁਸੀ ਕੌਣ ਹੋ ਜਾਂ ਤੁਸੀ ਕਿੱਥੇ ਜਾਂਦੇ ਹੋ।**

ਅਧਿਐਨਾਂ ਵੱਿਚ ਪਾਇਆ ਗਿਆ ਹੈ ਕਿ ਜਿੰਨ੍ਹੇ ਜ਼ਿਆਦਾ ਲੋਕ ਐਕਸਪੋਜ਼ਰ ਨੋਟੀਫਿਕੇਸ਼ਨਾਂ ਦੀ ਵਰਤੋਂ ਕਰਦੇ ਹਨ, ਓਨਾ ਹੀ ਜ਼ਿਆਦਾ ਫਾਇਦਾ ਹੁੰਦਾ ਹੈ। ਵਾਸ਼ਿੰਗਟਨ ਰਾਜ ਦੇ ਡਾਟਾ ਮਾਡਲ ਦਰਸਾਉਂਦੇ ਹਨ ਕਿ WA ਨੋਟਿਫਾਈ ਦੀ ਵਰਤੋਂ ਕਰਨ ਵਾਲੇ ਬਹੁਤ ਸਾਰੇ ਲੋਕ ਲਾਗ ਅਤੇ ਮੌਤ ਨੂੰ ਘਟਾਉਣਗੇ।

## ਆਪਣੇ ਫੋਨ ‘ਤੇ WA NOTIFY ਸ਼ਾਮਲ ਕਰੋ

**ਤੁਹਾਡੇ ਆਈਫੋਨ ਤੇ:**

1. ਸੈਟਿੰਗਜ਼ ‘ਤੇ ਜਾਓ
2. ਐਕਸਪੋਜ਼ਰ ਨੋਟੀਫਿਕੇਸ਼ਨਾਂ ਤੱਕ ਹੇਠਾਂ ਸਕ੍ਰੌਲ ਕਰੋ
3. “ਐਕਸਪੋਜ਼ਰ ਨੋਟੀਫਿਕੇਸ਼ਨਾਂ ਆਨ ਕਰੋ” ਤੇ ਕਲਿਕ ਕਰੋ
4. ਸੰਯੁਕਤ ਰਾਜ ਦੀ ਚੋਣ ਕਰੋ
5. ਵਾਸ਼ਿੰਗਟਨ ਦੀ ਚੋਣ ਕਰੋ

**ਤੁਹਾਡੇ ਐਂਡਰਾਇਡ ਤੇ:**

1. ਇੱਕ ਐਂਡਰਾਇਡ ਫੋਨ ਤੇ, ਗੂਗਲ ਪਲੇ ਸਟੋਰ ‘ਤੇ ਜਾਓ
2. ਐਪ ਨੂੰ ਅਸਾਨੀ ਨਾਲ ਲੱਭਣ ਲਈ WA ਐਕਸਪੋਜ਼ਰ ਨੋਟੀਫਿਕੇਸ਼ਨਾਂ ਦੀ ਸਰਚ ਕਰੋ
3. ਵਾਸ਼ਿੰਗਟਨ ਐਕਸਪੋਜ਼ਰ ਨੋਟੀਫਿਕੇਸ਼ਨ ਐਪ ਡਾਊਨਲੋਡ ਕਰੋ

## ਇਕ ਵਾਰ ਜਦੋਂ ਤੁਸੀ ਆਪਣੇ ਫ਼ੋਨ ਤੇ WA NOTIFY ਸ਼ਾਮਿਲ ਕੀਤਾ

### ਸਮਝੋ ਕਿ ਉਹ ਕੋਵਿਡ-19 ਦੇ ਫੈਲਣ ਨੂੰ ਰੋਕਣ ਵੱਿਚ ਸਹਾਇਤਾ ਕਰਨ ਲਈ ਕਿਵੇਂ ਕੰਮ ਕਰਦਾ ਹੈ।

**1**



ਜਦੋਂ ਆਪਣੇ ਸਮਾਰਟਫੋਨਾਂ ‘ਤੇ WA NOTIFY ਦੀ ਵਰਤੋਂ ਕਰਨ ਵਾਲੇ ਦੋ ਵਿਅਕਤੀ ਇਕ ਦੂਜੇ ਦੇ ਨੇੜੇ ਹੁੰਦੇ ਹਨ, ਤਾਂ ਉਨ੍ਹਾਂ ਦੇ ਫੋਨ ਬਲੂਟੁੱਥ ਦੀ ਵਰਤੋਂ ਨਾਲ ਰੇਡਮ ਕੋਡ ਦਾ ਐਕਸਚੇਂਜ਼ ਕਰਦੇ ਹਨ। **ਕੋਡ ਪੂਰੀ ਤਰ੍ਹਾਂ ਅਨਾਮ ਹੈ ਅਤੇ ਨਾ ਹੀ ਲੋਕੇਸ਼ਨ ਦੀ ਟਰੈਕਿੰਗ ਕਰਦਾ ਹੈ ਅਤੇ ਨਾ ਹੀ ਨਿੱਜੀ ਜਾਣਕਾਰੀ ਦਾ ਐਕਸਚੇਂਜ਼ ਕਰਦਾ ਹੈ।**

**2**




ਜਦੋਂ ਵਾਸ਼ਿੰਗਟਨ ਵੱਿਚ ਕਿਸੇ ਵਿਅਕਤੀ ਦਾ ਟੈਸਟ ਪਾਜ਼ਿਟਿਵ ਆਉਂਦਾ ਹੈ ਅਤੇ ਜਨਤਕ ਸਹਿਤ ਉਨ੍ਹਾਂ ਤੱਕ ਪਹੁੰਚਦੀ ਹੈ, ਤਾਂ ਉਨ੍ਹਾਂ ਨੂੰ ਆਖਿਆ ਜਾਵੇਗਾ ਕਿ ਕੀ ਉਨ੍ਹਾਂ ਕੋਲ WA Notify ਹੈ ਅਤੇ ਇੱਕ ਤਸਦੀਕ ਕੋਡ ਦੱਿਤਾ ਗਿਆ ਹੈ।

**3**



ਜਦੋਂ ਕਿਸੇ ਵਿਅਕਤੀ ਦਾ ਟੈਸਟ ਪਾਜ਼ਿਟਿਵ ਆਉਂਦਾ ਹੈ ਤਾਂ ਉਹ WA Notify ਵੱਿਚ ਤਸਦੀਕ ਕੋਡ ਦਰਜ ਕਰਦਾ ਹੈ। ਇਹ ਸਵੈਇੱਛਕ ਹੈ।

**4**



ਜਿਸ ਵਿਅਕਤੀ ਕੋਲ ਵੀ WA Notify ਹੈ ਅਤੇ ਜਹਿੜਾ ਵਿਅਕਤੀ ਅਜਿਹੇ ਵਿਅਕਤੀ ਦੇ ਨੇੜੇ ਆਇਆ ਹੈ ਜਿਸਦਾ ਟੈਸਟ ਪਿਛਲੇ 14 ਦਿਨਾਂ ਦੇ ਮਹੱਤਵਪੂਰਣ ਸਮੇਂ ਵੱਿਚ ਪਾਜ਼ਿਟਿਵ ਆਇਆ ਹੈ ਉਸ ਨੂੰ ਇੱਕ ਅਨਾਮ ਚੇਤਾਵਨੀ ਪ੍ਰਾਪਤ ਹੋਏਗੀ ਕਿ ਹੋ ਸਕਦਾ ਹੈ ਕਿ ਉਹਨੂੰ ਕੋਵਿਡ -19 ਦਾ ਜੋਖਮ ਹੋਵੇ।

**5**




ਨੋਟੀਫਿਕੇਸ਼ਨਾਂ ਵੱਿਚ ਆਪਣੀ ਅਤੇ ਦੂਜਿਆਂ ਦੀ ਰੱਖਿਆ ਲਈ ਅੱਗੇ ਕੀ ਕਰਨਾ ਹੈ ਇਸ ਬਾਰੇ ਜਾਣਕਾਰੀ ਦੇ ਲਈ ਇੱਕ ਲਿੰਕ ਦੱਿਤਾ ਗਿਆ ਹੈ। ਉਨ੍ਹਾਂ ਕੋਲ ਇਸ ਬਾਰੇ ਕੋਈ ਜਾਣਕਾਰੀ ਨਹੀ ਹੈ ਕਿ ਕਿਸਦਾ ਟੈਸਟ ਪਾਜ਼ਿਟਿਵ ਆਇਆ ਹੈ ਜਾਂ ਕਿੱਥੇ ਜੋਖਮ ਹੋ ਸਕਦਾ ਹੈ।